Weekly

# CANADA SIKH TIMES

25 - 31 May 2025

ਕੈਨੇਡਾ ਸਿੱਖ ਟਾਈਮਜ਼

Volume 3 Issue 21

RELIGION • CULTURE • HERITAGE • BUSINESS

## ਐੈਮਪੀਪੀ ਗਰੇਵਾਲ ਵੱਲੋਂ ਨਵਦੀਪ ਸਿੰਘ ਦਾ ਕਿੰਗ ਚਾਰਲਸ III ਕੋਰੋਨੇਸ਼ਨ ਮੈਡਲ ਨਾਲ ਸਨਮਾਨ



ਐੈਮਪੀਪੀ ਹਰਦੀਪ ਸਿੰਘ ਗਰੇਵਾਲ ਨੇ ਲਾਅ ਇਨਫੋਰਸਮੈਂਟ ਸੇਵਾ ਵਿਚ 28 ਸਾਲ ਦਾ ਤਜ਼ਰਬਾ ਰੱਖਣ ਵਾਲੇ ਨਵਦੀਪ ਸਿੰਘ ਛਿੰਜ਼ਰ ਨੂੰ ਉਨ੍ਹਾਂ ਦੀਆਂ ਜਨਤਕ ਸੁਰੱਖਿਆ, ਯੁਵਾ ਸਲਾਹ ਅਤੇ ਸਮਾਵੇਸ਼ੀ ਪੁਲਿਸਿੰਗ ਵਿੱਚ ਉਨ੍ਹਾਂ ਦੇ ਅਸਾਧਾਰਨ ਯੋਗਦਾਨ ਨੂੰ ਮਾਨਤਾ ਦਿੰਦਿਆਂ ਕਿੰਗ ਚਾਰਲਸ III ਕੋਰੋਨੇਸ਼ਨ ਮੈਡਲ ਨਾਲ ਸਨਮਾਨਿਤ ਕੀਤਾ ਹੈ। ਨਵਦੀਪ ਨੇ ਲਗਭਗ ਤਿੰਨ ਦਹਾਕਿਆਂ ਤੋਂ ਓਨਟਾਰੀਓ ਦੀ ਸੇਵਾ ਕੀਤੀ ਹੈ। ਜੋਖਮ ਵਿੱਚ ਫਸੇ ਨੌਜਵਾਨਾਂ ਨੂੰ ਸਲਾਹ ਦੇਣ, ਕੋਚਿੰਗ ਕਰਨ ਅਤੇ ਦੱਖਣੀ ਏਸ਼ੀਆਈ ਭਾਈਚਾਰੇ ਨਾਲ ਸਬੰਧਾਂ ਨੂੰ ਮਜ਼ਬੂਤ ਕਰਨ ਦੀ ਉਨ੍ਹਾਂ ਦੀ ਵਚਨਬੱਧਤਾ ਨੇ ਲਾਅ ਇਨਫੋਰਸਮੈਂਟ ਅਤੇ ਵਿਭਿੰਨ ਭਾਈਚਾਰਿਆਂ ਵਿਚਕਾਰ ਸਥਾਈ ਵਿਸ਼ਵਾਸ ਬਣਾਇਆ ਹੈ। ਇਸ ਮੌਕੇ ਐੈਮਪੀਪੀ ਗਰੇਵਾਲ ਨੇ ਕਿਹਾ ਕਿ ਨਵਦੀਪ ਸਰਵੋਤਮ ਜਨਤਕ ਸੇਵਾ ਦਾ ਪ੍ਰਤੀਕ ਹੈ। ਉਨ੍ਹਾਂ ਦੀ ਅਗਵਾਈ ਅਤੇ ਹਮਦਰਦੀ ਨੇ ਬਰੈਂਪਟਨ ਅਤੇ ਇਸ ਤੋਂ ਬਾਹਰ ਇੱਕ ਅਰਥਪੂਰਨ ਪ੍ਰਭਾਵ ਛੱਡਿਆ ਹੈ। ਉਹ ਇਸ ਸਨਮਾਨ ਦੇ ਹੱਕਦਾਰ ਹਨ।

## Haryana Sikh Gurdwara Committee to Establish University in Jind

After a long struggle leading to its formation, the Haryana Sikh Gurdwara Management Committee (HSGMC) has announced plans to establish a world-class university on 200–250 acres of land in Jind. Committee chief Jathedar Jagdish Singh Jhinda stated that a blueprint is already in progress, and the university will focus on excellence in education. The committee also plans to take over the management of the Meeri-Peeri Medical College in Shahbad Markanda and build a Gurdwara on the site. Schools will be set up for children of Shigligar Sikhs, and a factory to manufacture traditional Sikh Shastars along with training facilities will be established. Efforts will be made to reconvert individuals who have left the Sikh faith through dialogue and support.

## Two ex-cadets of MRSAFPI commissioned in Indian Navy



Two former cadets of the Mohali-based Maharaja Ranjit Singh Armed Forces Preparatory Institute (MRSAFPI), were commissioned as officers in the Indian Navy during the Passing Out Parade at the prestigious Indian Naval Academy (INA) in Ezhimala (Kerala), on Saturday. The passing out parade was reviewed by Vice Admiral V Srinivas, AVSM, NM. Stating this, Punjab Employment Generation, Skill Development and Training Minister Aman Arora said ex-cadets of MRSAFPI Mohinder Singh Sekhon and Vinay Kaushik, who have been commissioned into Indian Navy, both belong to SAS Nagar (Mohali). Following the two-year training at MRSAFPI, three years of rigorous training at NDA and finally one year of service specific training at INA, the two young cadets would soon join the Indian Navy, said an official statement. Mohinder Singh Sekhon, who lost his parents in childhood, realised his dream through sheer determination and hard work. Vinay's father Sanjay Kumar is Sectional Head in a newspaper and his mother Rekha Sharma is a homemaker. Extending his heartiest congratulations to the young officers, Arora complimented them on their remarkable feat and exhorted them to continue making the Nation and Punjab proud.

DESH VIDESH

# ਸਿੱਖ ਇਤਿਹਾਸ ਦੀ ਅਹਿਮ ਘਟਨਾ "ਛੋਟਾ ਘੱਲੂਘਾਰਾ"



ਇੰਦਰਜੀਤ ਕੌਰ, ਮਹਾਰਾਸ਼ਟਰ

ਛੋਟਾ ਘੱਲੂਘਾਰਾ ਸਿੱਖ ਧਰਮ ਨਾਲ ਸੰਬੰਧਿਤ ਮਹੱਤਵਪੂਰਨ ਇਤਿਹਾਸਿਕ ਘਟਨਾ ਹੈ। ਜਦੋਂ 1745 ਈ. ਵਿਚ ਜ਼ਕਰੀਆ ਖਾਨ ਦੀ ਮੌਤ ਹੋ ਗਈ ਤਾਂ ਉਸ ਦਾ ਪੁੱਤਰ ਯਾਹੀਆ ਖਾਨ ਲਾਹੌਰ ਦਾ ਗਵਰਨਰ ਬਣਿਆ। ਨਵਾਂ ਅਹੁਦਾ ਸੰਭਾਲਦੇ ਹੀ ਯਾਹੀਆ ਖਾਨ ਬੜੇ ਜ਼ੋਰ ਨਾਲ ਸਿੰਘਾਂ ਦੇ ਪਿੱਛੇ ਪੈ ਗਿਆ। ਸਿੰਘਾਂ ਦੇ ਘਰ ਉਜਾੜ ਦਿੱਤੇ ਤੇ ਸਰੇਆਮ ਬੇਦੋਸ਼ੇ ਸਿੰਘ ਕਤਲ ਕੀਤੇ ਜਾਣ ਲੱਗੇ। ਸਿੰਘ ਆਪਣੇ ਘਰ ਬਾਹਰ ਛੱਡ ਕੇ ਜੰਗਲਾਂ ਵਿੱਚ ਜਾ ਪਹੁੰਚੇ। ਇਸ ਸਮੇਂ ਦੀਵਾਨ ਲਖਪਤ ਰਾਏ ਤੇ ਉਸ ਦਾ ਭਰਾ ਜਸਪਤ ਰਾਏ ਯਾਹੀਆ ਖਾਨ ਦੇ ਖਾਸ ਬੰਦੇ ਸਨ। ਲਖਪਤ ਰਾਏ ਲਾਹੌਰ ਵਿੱਚ ਵਜ਼ੀਰ ਸੀ ਤੇ ਜਸਪਤ ਰਾਏ ਐਮਨਾਬਾਦ ਦਾ ਫੌਜਦਾਰ ਨਿਯੁਕਤ ਕੀਤਾ ਹੋਇਆ ਸੀ। ਇਨਾ ਦੋਵਾਂ ਭਰਾਵਾਂ ਨੇ ਸਿੰਘਾਂ ਦੇ ਵਿਰੋਧ ਵਿੱਚ ਲਾਹੌਰ ਦੇ ਗਵਰਨਰ ਦਾ ਡੱਟ ਕੇ ਸਾਥ ਦਿੱਤਾ। ਯਾਹੀਆ ਖਾਨ ਨੇ ਆਪਣੇ ਫੌਜੀ ਗਸ਼ਤੀ ਟੋਲੇ ਸਿੰਘਾਂ ਦੀ ਤਲਾਸ਼ ਵਿੱਚ ਛੱਡੇ ਹੋਏ ਸਨ,ਜੋ ਸਿੰਘਾਂ ਨੂੰ ਫੜ ਲੈਂਦੇ ਜਾਂ ਇਕੱਲੇ ਦੁਕੱਲੇ ਸਿੰਘ ਨੂੰ ਥਾਂ ਤੇ ਹੀ ਕਤਲ ਕਰ ਦਿੰਦੇ ਸਨ। ਸਿੰਘ ਬੜੀ ਮੁਸੀਬਤ ਵਿੱਚ ਘਿਰੇ ਹੋਏ ਸਨ, ਹਰ ਦਿਸ਼ਾ ਤੋਂ ਦੁਸ਼ਮਣ ਉਨਾਂ ਦਾ ਰਸਤਾ ਰੋਕੀ ਖੜਾ ਸੀ। ਸਿੰਘ ਇਨਾਂ ਮੁਸ਼ਕਲਾਂ ਦਾ ਸਾਹਮਣਾ ਕਰਦੇ ਹੋਏ ਆਪਣਾ ਵਕਤ ਗੁਜ਼ਾਰ ਰਹੇ ਸਨ।

ਇਸੇ ਹੀ ਸਮੇਂ ਦੌਰਾਨ ਸਿੰਘਾਂ ਦਾ ਇੱਕ ਜੱਥਾ ਗੁਰਦੁਆਰਾ ਰੋੜੀ ਸਾਹਿਬ ਦਰਸ਼ਨ ਕਰਨ ਜਾ ਰਿਹਾ ਸੀ ਕਿ ਲੰਗਰ ਪ੍ਰਸ਼ਾਦਾ ਛਕਣ ਲਈ ਇੱਕ ਥਾਂ ਤੇ ਬੈਠ ਗਏ। ਸਿੰਘਾਂ ਦਾ ਜੱਥਾ ਕਈ ਦਿਨਾਂ ਤੋਂ ਭੁੱਖਾ ਸੀ ਜਿਸ ਕਾਰਨ ਉਹ ਇੱਥੇ ਰੁਕ ਕੇ ਖਾਣ ਪਾਣ ਦੇ ਆਹਰ ਵਿੱਚ ਲੱਗ ਗਏ। ਫੌਜਦਾਰ ਜਸਪਤ ਰਾਏ ਖੋਖਰਾਂ ਪਿੰਡ ਵਿੱਚ ਠਹਿਰਿਆ ਹੋਇਆ ਸੀ ਕੀ ਪਿੰਡ ਗੋਦਲਾਂ ਦੇ ਸਰਕਾਰੀ ਮੁਖਬਰਾ ਨੇ ਜਸਪਤ ਰਾਏ ਨੂੰ ਖਬਰ ਦਿੱਤੀ ਕਿ ਸਿੰਘਾਂ ਦਾ ਇੱਕ ਵੱਡਾ ਜੱਥਾ ਝਿੜੀ ਵਿੱਚ ਠਹਿਰਿਆ ਹੋਇਆ ਹੈ ਤੇ ਐਮਨਾਬਾਦ ਦੇ ਕੋਲ ਲੰਗਰ ਛਕ ਰਹੇ ਹਨ

ਜਸਪਤ ਨੇ ਬੜੇ ਰੋਬ ਨਾਲ ਸਿੰਘਾਂ ਨੂੰ ਸੁਨੇਹਾ ਭੇਜਿਆ ਕਿ ਇਸ ਇਲਾਕੇ ਵਿੱਚੋਂ ਇੱਕ ਦਮ ਕੂਚ ਕਰ ਜਾਓ, ਨਹੀਂ ਤਾਂ ਤੁਹਾਡਾ ਭਾਰੀ ਨੁਕਸਾਨ ਹੋਏਗਾ। ਸਿੰਘਾਂ ਨੇ ਕਿਹਾ ਕਿ ਅਸੀਂ ਕਈ ਦਿਨਾਂ ਤੋਂ ਭੁੱਖੇ ਹਾਂ, ਸਾਨੂੰ ਅੰਨ ਦਾਣੇ ਦਾ ਬੰਦੋਬਸਤ ਕਰ ਲੈਣ ਦਿਓ, ਅਸੀਂ ਕੱਲ ਨੂੰ ਇਥੋਂ ਚਲੇ ਜਾਵਾਂਗੇ। ਪਰ ਜਸਪਤ ਰਾਏ ਬਹੁਤ ਹੰਕਾਰਿਆ ਹੋਇਆ ਸੀ, ਉਸਨੇ ਕਿਹਾ- ਤੁਸੀਂ ਮੇਰੇ ਇਲਾਕੇ ਵਿੱਚੋਂ ਰਸਦਾਂ ਢੂੰਡਦੇ ਫਿਰਦੇ ਹੋ ਮੈਂ ਤਾਂ ਤੁਹਾਡਾ ਖੁਰਾ ਖੋਜ ਮਿਟਾ ਦਿਆਂਗਾ।

ਜਸਪਤ ਰਾਏ ਨੇ ਇਲਾਕੇ ਦੇ ਸਾਰੇ ਚੌਧਰੀਆਂ, ਲੰਬੜਦਾਰਾਂ ਤੇ ਚਿੱਠੀਆ ਦੀਆਂ ਫੌਜਾਂ ਨੂੰ ਇਕੱਠਾ ਕੀਤਾ। ਚਠੀਆ ਦਾ ਸਰਦਾਰ ਚੌਧਰੀ ਸ਼ੇਰਾ ਕੋਟ ਵਾਲਾ ਅਗਲੀ ਕਤਾਰ ਵਿੱਚ ਸੀ। ਉਸਨੇ ਇੱਕ ਭਾਰੀ ਫੌਜ ਲੈ ਕੇ ਸਿੰਘਾਂ ਉੱਪਰ ਹਮਲਾ ਕਰ ਦਿੱਤਾ। ਸਿੰਘਾਂ ਨੂੰ ਤਿਆਰ ਕੀਤਾ ਲੰਗਰ ਵੀ ਛਕਣਾ ਨਸੀਬ ਨਾ ਹੋਇਆ। ਸਿੰਘ ਜਸਪਤ ਦੇ ਘੇਰੇ ਵਿੱਚ ਘਿਰ ਚੁੱਕੇ ਸਨ। ਕਿਸੇ ਪਾਸੇ ਵੀ ਨਿਕਲਣਾ ਸੰਭਵ ਨਹੀਂ ਸੀ ਇਸ ਲਈ ਭੁੱਖੇ ਭਾਣੇ ਖਾਲਸੇ ਨੇ ਦੁਸ਼ਮਣ ਦੇ ਕੀਤੇ ਹਮਲੇ ਦਾ ਡੱਟ ਕੇ ਮੁਕਾਬਲਾ ਕਰਨ ਦਾ ਫੈਸਲਾ ਕਰ ਲਿਆ। ਪਹਿਲੇ ਹੱਲੇ ਹੀ ਖਾਲਸੇ ਨੇ ਐਸੇ ਹੱਥ ਵਿਖਾਏ ਕਿ ਦੁਸ਼ਮਣ ਨੂੰ ਭਾਜੜ ਪੈ ਗਈ। ਜਸਪਤ ਰਾਏ ਹਾਥੀ ਉੱਤੇ ਸਵਾਰ ਸੀ। ਜੰਮ ਕੇ ਖੂਨ ਦੀ ਲੜਾਈ ਹੋਈ ਪਰ ਖਾਲਸੇ ਦੇ ਰੋਸ਼ ਦੇ ਸਾਹਮਣੇ ਜਸਪਤ ਦੀਆਂ ਫੌਜਾਂ ਬਹੁਤਾ ਚਿਰ ਟਿਕ ਨਾ ਸਕੀਆਂ ਇਸੇ ਹੀ ਦੌਰਾਨ ਦੁਸ਼ਮਣ ਦੇ ਪੈਰ ਉੱਖੜੇ ਵੇਖ ਕੇ ਕੌਮ ਦਾ ਸਿਰ ਕੱਢ ਯੋਧਾ ਭਾਈ ਨਿਬਾਹੂ ਸਿੰਘ ਹਾਥੀ ਦੀ ਪੂਛ ਫੜ ਕੇ ਜਸਪਤ ਰਾਏ ਦੇ ਹਾਥੀ ਉੱਤੇ ਜਾ ਚੜਿਆ ਤੇ ਕਿਰਪਾਨ ਦੇ ਇੱਕੋ ਫੱਟ ਨਾਲ ਜਸਪਤ ਦਾ ਸਿਰ ਵੱਡ ਸੁੱਟਿਆ। ਜਸਪਤ ਦੇ ਮਰਦੇ ਹੀ ਭਾੜੇ ਦੀਆਂ ਫੌਜਾਂ ਮੈਦਾਨ ਛੱਡ ਕੇ ਭੱਜ ਗਈਆਂ। ਸਿੰਘਾਂ ਨੇ ਫਿਰ ਐਮਨਾਬਾਦ ਉੱਤੇ ਹਮਲਾ ਕੀਤਾ, ਜਿਸ ਨਾਲ ਕਾਫੀ ਮਾਤਰਾ ਵਿੱਚ ਧਨ ਦੌਲਤ ਰਸਦ ਅਤੇ ਹੋਰ ਸਮਾਂ ਸਿੰਘਾਂ ਦੇ ਹੱਥ ਲੱਗਾ। ਖਾਲਸਾ ਦਲ ਕੁਝ ਦੇਰ ਇੱਥੇ ਟਿਕਿਆ ਤੇ ਫਿਰ ਇਥੋਂ ਅੱਗੇ ਨੂੰ ਤੁਰ ਪਿਆ।

ਜਦੋਂ ਦੀਵਾਨ ਲਖਪਤ ਰਾਏ ਨੂੰ ਆਪਣੇ ਭਰਾ ਜਸਪਤ ਦੀ ਮੌਤ ਦੀ ਖਬਰ ਮਿਲੀ ਤਾਂ ਉਹ ਅੱਗ ਬਬੂਲਾ ਹੋ ਗਿਆ। ਲਖਪਤ ਨੇ ਆਪਣੀ ਪੱਗ ਸਿਰ ਉੱਤੋ ਲਾ ਕੇ ਯਾਹੀਆ ਖਾਨ ਦੇ ਪੈਰਾਂ ਵਿੱਚ ਸੁੱਟ ਦਿੱਤੀ ਤੇ ਕਸਮ ਖਾਧੀ ਕਿ ਜਿੰਨੀ ਦੇਰ ਮੈ ਸਿੰਘਾਂ ਦਾ ਖੁਰਾ ਖੋਜ ਨਹੀਂ ਮਿਟਾ ਦਿੰਦਾ, ਓਨੀ ਦੇਰ ਮੈਂ ਸਿਰ ਤੇ ਪੱਗ ਨਹੀਂ ਬੰਨਾਂਗਾ। ਯਾਹੀਆ ਖਾਨ ਖੁਸ਼ ਹੋ ਗਿਆ ਤੇ ਸਿੱਖਾਂ ਦੇ ਖਾਤਮੇ ਲਈ ਪੂਰੇ ਅਧਿਕਾਰ ਲਖਪਤ ਰਾਏ ਨੂੰ ਦੇ ਦਿੱਤੇ। ਪਿੰਡਾਂ ਤੇ ਸ਼ਹਿਰਾਂ ਵਿੱਚ ਸ਼ਾਹੀ ਫੁਰਮਾਨ ਭੇਜੇ ਗਏ। ਸਿੰਘਾਂ ਨੂੰ ਆਪਣੇ ਪਿੰਡਾਂ, ਨਗਰਾਂ ਜਾਂ ਘਰਾਂ ਵਿੱਚ ਪਨਾਹ ਦੇਣ ਵਾਲਿਆਂ ਨੂੰ ਸਜ਼ਾ ਏ ਮੌਤ ਦਾ ਐਲਾਨ ਕੀਤਾ ਗਿਆ। ਗੁਰੂ ਜਾਂ ਗੁੜ ਸ਼ਬਦ ਬੋਲਣ ਉੱਤੇ ਵੀ ਪਾਬੰਦੀ ਲਗਾ ਦਿੱਤੀ ਗਈ। ਗੁੜ ਨੂੰ ਰੋੜੀ ਜਾਂ ਭੇਲੀ ਕਿਹਾ ਜਾਣ ਲੱਗਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੋਥੀ ਕਿਹਾ ਜਾਣ ਲੱਗਾ। ਇਲਾਕੇ ਦੇ ਚੌਧਰੀਆਂ ਤੇ ਲੰਬੜਦਾਰਾਂ ਨੂੰ ਵੀ ਪਰਵਾਨੇ ਲਿਖ ਕੇ ਭੇਜੇ ਗਏ ਕਿ ਸਿੰਘਾਂ ਨੂੰ ਆਪਣੇ ਇਲਾਕੇ ਵਿੱਚ ਦਾਖਲ ਨਾ ਹੋਣ ਦਿੱਤਾ ਜਾਏ। ਸਿੰਘਾਂ ਉੱਪਰ ਸਖਤੀ ਦਿਨ ਬ ਦਿਨ ਵੱਧਦੀ ਜਾ ਰਹੀ ਸੀ।

"ਇਬਰਤਨਾਮਾ" ਦਾ ਕਰਤਾ ਅਲੀ-ਉਦ- ਦਿਨ ਲਿਖਦਾ ਹੈ ਕਿ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨਾਮ ਲੈਣ ਵਾਲੇ ਦਾ ਢਿੱਡ ਪਾੜ ਦਿੱਤਾ ਜਾਂਦਾ ਸੀ ਲਖਪਤ ਰਾਏ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਇਕੱਠੀਆਂ ਕਰਵਾ ਕੇ ਦਰੀਆਂ ਵਿੱਚ ਸੁੱਟ ਦਿੱਤੀਆਂ ਅਤੇ ਸ੍ਰੀ ਦਰਬਾਰ ਸਾਹਿਬ ਦੇ ਪਵਿੱਤਰ ਸਰੋਵਰ ਨੂੰ ਮਿੱਟੀ ਨਾਲ ਪਰਵਾ ਦਿੱਤਾ।

ਮਾਝੇ ਇਲਾਕੇ ਵਿੱਚੋਂ ਸਿੰਘਾਂ- ਸਿੰਘਣੀਆਂ ਤੇ ਉਨ੍ਹਾਂ ਦੇ ਮਾਸੂਮ ਬਾਲ ਬੱਚਿਆਂ ਨੂੰ ਗ੍ਰਿਫਤਾਰ ਕਰਕੇ ਲਾਹੌਰ ਦੀ ਜੇਲ ਵਿੱਚ ਕੈਦ ਕੀਤਾ ਗਿਆ। ਲਾਹੌਰ ਅਤੇ ਹੋਰ ਆਸ ਪਾਸ ਦੇ ਇਲਾਕੇ ਵਿੱਚ ਸ਼ਾਹੀ ਨੌਕਰੀ ਕਰਦੇ ਸਿੱਖਾਂ ਨੂੰ ਤੁਰੰਤ ਨੌਕਰੀਆਂ ਤੋਂ ਬਰਖਾਸਤ ਕਰਕੇ ਕੈਦ ਕਰ ਲਿਆ ਗਿਆ। 10 ਮਾਰਚ 1746 ਈ. ਨੂੰ ਮੱਸਿਆ ਵਾਲੇ ਦਿਨ ਇਹਨਾਂ ਦੇ ਦੋਸ਼ ਸਿੱਖਾਂ ਨੂੰ ਕਤਲ ਕਰਨ ਲਈ ਚੁਣਿਆ ਗਿਆ। ਲਖਪਤ ਦੇ ਧਰਮ ਗੁਰੂ ਗੋਸਾਈ ਜਗਤ ਭਗਤ, ਦੀਵਾਨ ਲੱਛੀ ਰਾਮ, ਕੌੜਾ ਮਲ ਤੇ ਕੁਝ ਇਨਸਾਨੀ ਹਮਦਰਦੀ ਰੱਖਣ ਵਾਲੇ ਧਰਮੀ ਬੰਦਿਆਂ ਨੇ ਦੀਵਾਨ ਲਖਪਤ ਰਾਏ ਨੂੰ ਬੇਦੋਸ਼ੇ ਸਿੱਖਾਂ ਦਾ ਕਤਲੇਆਮ ਕਰਨ ਤੋਂ ਬਹੁਤ ਰੋਕਣ ਦੀ ਕੋਸ਼ਿਸ਼ ਕੀਤੀ ਪਰ ਲਖਪਤ ਨੇ ਆਪਣੀ ਜ਼ਿੱਦ ਨਾ ਛੱਡੀ। ਸੰਤ ਜਗਤ ਭਗਤ ਨੇ ਵੀ ਬਹੁਤ ਸਮਝਾਇਆ ਪਰ ਲਖਪਤ ਨੇ ਕਿਸੇ ਦੀ ਵੀ ਨਾ ਮੰਨੀ। ਸੰਤ ਬੜੇ ਨਿਰਾਸ਼ ਹੋਏ ਤੇ ਉਨਾਂ ਨੇ ਕਿਹਾ ਕਿ ਕੋਈ ਨਹੀਂ ਲਖਪਤ- ਇਹ ਜਿਸ ਪਾਣੀਓ ਉਗੀ ਹੈ ਉਸੇ ਪਾਣੀ ਮਾਰਾਂਗੇ ਤੇਰੀ ਜੜ ਨਾ ਰਹੂ ਅਤੇ ਇਹ ਪੰਥ ਦਿਨੋ ਦਿਨ ਵੱਧਦਾ ਜਾਏਗਾ ।

(ਬਾਕੀ ਫੇਰ)

# HERITAGE

## ਗੁਰੂ ਨਾਨਕ ਜੀ ਦਾ ਪ੍ਰਕਾਸ਼: ਕੱਤਕ ਜਾਂ ਵੈਸਾਖ – 2

ਕਾਬਲ ਸਿੰਘ (ਐਡਮਿੰਟਨ), ਬਿਜੈ ਸਿੰਘ (ਵਿੰਨੀਪੈਗ)

ਮੈਕਾਲਿਫ ਇਹ ਵੀ ਲਿਖਦਾ ਹੈ ਕਿ ਸ਼ਾਇਦ ਹੋਲੀ, ਰਾਮ ਨੌਮੀ ਅਤੇ ਵੈਸਾਖੀ ਤੋਂ ਬਾਦ ਕਿਸਾਨ ਫਸਲ ਵੱਢਣ ਵਿਚ ਰੁਝ ਜਾਂਦੇ ਸਨ ਅਤੇ ਸੰਗਤ ਘੱਟ ਇਕੱਠੀ ਹੋਣ ਕਾਰਣ ਚੜ੍ਹਾਵਾ ਥੋੜਾ ਚੜ੍ਹਦਾ ਹੋਵੇ। ਜਦ ਕਿ ਕੱਤਕ ਦੀ ਪੂਰਨਮਾਸ਼ੀ ਤੱਕ ਫਸਲ ਸੰਭਾਲ ਕੇ ਕਿਸਾਂਨ ਵੇਹਲੇ ਹੋਣ ਕਰਕੇ ਅਤੇ ਦਿਵਾਲੀ ਦੇ ਨੇੜੇ ਸੰਗਤ ਜ਼ਿਆਦਾ ਹੋਣ ਨਾਲ ਚੜਾਵਾ ਜ਼ਿਆਦਾ ਹੋ ਸਕਦਾ ਸੀ। ਭਾਈ ਗੁਰਦਾਸ ਜੀ ਦੀ ਕਬਿਤ 345 ਦੀ ਪਹਿਲੀ ਪੰਗਤੀ 'ਕਾਰਤਕ ਮਾਸ ਰੁਤਿ ਸਰਤਿ ਪੂਰਨਮਾਸ਼ੀ' ਕਈ ਵਾਰ ਕੱਤਕ ਵਿਚ ਗੁਰੂ ਜੀ ਦੇ ਜਨਮ ਨਾਲ ਜੋੜੀ ਜਾਂਦੀ ਹੈ। ਪਰ ਸਾਰੀ ਕਬਿੱਤ 345 ਤੇ ਉਸ ਤੋਂ ਬਾਦ ਕਬਿੱਤ 346, 347 ਤੇ 348 ਪੱੜਨ ਨਾਲ ਸਾਫ ਸਮਝ ਆ ਜਾਂਦੀ ਹੈ ਕਿ ਚੌਹਾਂ ਕਬਿੱਤਾਂ ਦਾ ਭਾਵ ਕੇਵਲ ਸ਼ਿੰਗਾਰ ਰਸ ਦਾ ਨਿਰੂਪਣ ਹੈ। ਕਬਿੱਤ 345 ਤੋਂ 348 ਵਿੱਚ ਸਮਾਨਤਾ ਸਾਫ ਦਸਦੀ ਹੈ ਕਿ ਇਨ੍ਹਾਂ ਕਬਿਤਾਂ ਦਾ ਸ਼ਿੰਗਾਰ ਰਸ ਤੋਂ ਬਿਨਾ ਗੁਰੂ ਜੀ ਦੀ ਜਨਮ ਤਰੀਕ ਨਾਲ ਕੋਈ ਸਬੰਧ ਨਹੀਂ ਹੈ। ਵਿਚਾਰਨ ਦੀ ਲੋੜ ਹੈ ਕਿ ਗੁਰੂ ਜੀ ਦੇ ਪਰਗਟ ਹੋਣ ਦਾ ਉਹ ਦਿਨ ਠੀਕ ਹੈ ਜਿਹੜਾ ਗੁਰੂ ਕਾਲ ਵਿਚ ਮਨਾਇਆ ਜਾਂਦਾ ਸੀ ਜਾਂ ਜਿਹੜਾ ਗੁਰੂ ਸਾਹਿਬ ਤੋਂ ਸੈਂਕੜੇ ਸਾਲ ਬਾਅਦ ਮਨਾਉਣਾ ਸ਼ੁਰੂ ਕੀਤਾ ਗਿਆ। ਬਹੁਤੇ ਸਰੋਤਾਂ ਅਤੇ ਕੱਤਕ ਵਿਚ ਪ੍ਰਕਾਸ਼ ਦਿਵਸ ਮਨਾਉਣ ਬਾਰੇ ਲਿਖੇ ਵਿਚਾਰਾਂ ਦੇ ਅਧਾਰ ਤੇ ਗੁਰੂ ਹੀ ਦਾ ਪ੍ਰਕਾਸ਼ ਦਿਵਸ 15 ਅਪ੍ਰੈਲ ਨੂੰ ਹੀ ਮਨਾਉਣਾਂ ਠੀਕ ਲਗਦਾ ਹੈ।

ਸਾਰਅੰਸ਼: ਉਪਲਬਦ ਸਾਖੀਆਂ, ਇਕ ਸਾਖੀ ਜਾਂ ਉਸ ਤੇ ਅਧਾਰਤ ਸਾਖੀਆਂ ਤੋਂ ਬਿਨਾਂ, ਅਨੁਸਾਰ ਗੁਰੂ ਜੀ ਦਾ ਪ੍ਰਕਾਸ ਵਿਸਾਖ ਵਿਚ ਹੋਇਆ। ਗੁਰੂ ਸਾਹਿਬਾਂ ਵੇਲੇ ਵਿਸਾਖ ਵਿਚ ਗੁਰਪੁਰਬ ਮਨਾਉਣ, ਪਾਤਸ਼ਾਹੀ ਕਰਨ ਦਾ ਸਮਾਂ ਅਤੇ ਜੋਤੀ ਜੋਤਿ ਸਮਾਉਣ ਦੇ ਅਧਾਰ ਤੇ ਵੀ ਗੁਰੂ ਜੀ ਦਾ ਪ੍ਰਕਾਸ਼ ਦਿਵਸ ਵਿਸਾਖ ਵਿਚ ਬਣਦਾ ਹੈ। ਮਹਾਨ ਕੋਸ਼, ਮੂਲ ਨਾਨਕਸ਼ਾਹੀ ਕੈਲੰਡਰ, ਅਤੇ ਵਿੱਕੀਪੀਡੀਆਂ ਵਿਚ ਵੀ ਗੁਰੂ ਜੀ ਦਾ ਪ੍ਰਕਾਸ਼ ਦਿਵਸ ਵਿਸਾਖ ਵਿਚ ਹੀ ਲਿਖਿਆ ਹੈ। ਮੈਕਾਲਿਫ ਅਤੇ ਕਰਮ ਸਿੰਘ ਹਿਸਟੋਰੀਅਨ ਵੀ ਗੁਰੂ ਜੀ ਦਾ ਪ੍ਰਕਾਸ਼ ਦਿਵਸ ਵਿਸਾਖ ਵਿਚ ਹੀ ਮੰਨਦੇ ਹਨ। ਉਪਰ ਲਿਖੇ ਸਰੋਤਾਂ ਦੇ ਅਧਾਰ ਤੇ ਗੁਰੂ ਹੀ ਦਾ ਪ੍ਰਕਾਸ਼ ਦਿਵਸ 15 ਅਪ੍ਰੈਲ ਨੂੰ ਹੀ ਮਨਾਉਣਾ ਚਾਹੀਦਾ ਹੈ। ◆◆










## Sikh Volunteers Step Up to Help Flood Victims in Australia



In the face of devastating floods in southeastern Australia, Sikh volunteers are providing vital support to affected communities. The charity group Sikh Volunteers Australia has been serving free hot meals to those displaced by the incessant rains, which have cut off towns and forced thousands to evacuate. Farmer Mark Kappa, who hadn't had a hot drink in three days, expressed his gratitude as he received a meal from a Sikh food truck. The volunteers, true to their motto "In the Service of Humanity," are working tirelessly to ensure no one goes hungry during this crisis. Their efforts have brought comfort and relief to flood victims, showcasing the Sikh spirit of selfless service in times of need.

### ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. ਗੋਇੰਦਵਾਲ ਵਿਖੇ ਕਿਸ ਸੰਨ ਵਿਚ ਗੁਰੂ ਅਮਰਦਾਸ ਸਾਹਿਬ ਜੀ ਦੀ ਨਿਗਰਾਨੀ ਹੇਠ ਬਾਉਲੀ ਸਾਹਿਬ ਦੀ ਸਥਾਪਨਾ ਹੋਈ?**

a. 1552 b. 1564 c. 1553 d. 1563

**2. ਗੁਰੂ ਰਾਮਦਾਸ ਸਾਹਿਬ ਜੀ ਨੇ ਕਿਹੜਾ ਨਗਰ ਵਸਾਇਆ ਸੀ?**

a. Patna Sahib (ਪਟਨਾ ਸਾਹਿਬ)
b. Anandpur Sahib (ਆਨੰਦਪੁਰ ਸਾਹਿਬ)
c. Amritsar (ਅੰਮ੍ਰਿਤਸਰ)
d. Goindwal Sahib (ਗੋਇੰਦਵਾਲ ਸਾਹਿਬ)

**3. ਗੁਰੂ ਕੇ ਲੰਗਰ ਦਾ ਕੀ ਭਾਵ ਹੈ?**

a. Teaching the Sikhs the art of selfless service (ਸਿਖਾਂ ਨੂੰ ਸੇਵਾ ਦੀ ਜਾਚ ਸਿਖਾਉਣਾ)
b. Eradicating high and low contagion (ਉਚ ਨੀਚ ਛੂਤ ਛਾਤ ਮਿਟਾਉਣਾ)
c. Pretending to have money (ਪੈਸੇ ਦਾ ਦਿਖਾਵਾ)
d. Both A & B (A ਅਤੇ B ਦੋਵੇਂ)

**4. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਿਰੀਰਾਗ ਮਹਲਾ ਪੰਜਵਾਂ ਅਸਟਪਦੀਆਂ ਸਿਰਲੇਖ ਹੇਠ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਕਿੰਨੇ ਸ਼ਬਦ ਦਰਜ ਹੈ?**

A. 30 B. 31 C. 8 D. 2

(ਦੇਖੋ ਉੱਤਰ ਪੰਨਾ 4 'ਤੇ)

# Keeping the Younger Generation Connected to the Community

Keeping the younger generation connected to your community—whether cultural, religious, ethnic, or linguistic—requires a thoughtful blend of relevance, belonging, and empowerment. Here's a practical, step-by-step approach that balances tradition with modern engagement:

1. **Start with Identity, Not Obligation:** Frame belonging as a strength, not a duty. Instead of "you must stay connected," teach them why it matters. Emphasize shared values, stories, and achievements of the community. Use relatable storytelling: "Who we are and what we've overcome" can be more powerful than rules or rituals.
2. **Modernize the Medium, Preserve the Message:** Use platforms where youth spend time: Instagram, TikTok, Discord, YouTube. Share traditions, language, and wisdom in formats they enjoy:
   - Short videos (e.g., "5 things you didn't know about our culture")
   - Memes or reels about cultural quirksPodcasts or livestream
   - Q&As with community elders or successful young leaders
3. **Create Real Opportunities for Involvement:** Let youth lead, not just participate. Involve them in organizing events, designing content, or running social media. Start mentorship programs connecting youth with role models in the community (e.g., professionals, artists, entrepreneurs). Fund and support youth-led projects, like cultural newsletters, debates, or service events.
4. **Respect Their Questions and Doubts:** Many youth struggle with reconciling traditional values and modern identity. Don't shut down questions. Create safe spaces for discussion—forums, workshops, or moderated chats—where they can express doubts without judgment.
5. **Make Culture Fun and Social:** Combine tradition with fun: sports tournaments, cultural fests, food nights, talent shows, gaming nights. Host retreats or heritage trips—visits to ancestral places, spiritual sites, or family villages—with a balance of history and fun.
6. **Celebrate Youth Publicly:** Highlight young achievers in community bulletins, social media, or at events. Showcase modern success within cultural values: e.g., a tech founder who volunteers at the temple, or a lawyer who promotes the native language.
7. **Anchor the Family:** A strong family unit plays a huge role. Encourage parents to: Speak the native language at home, Share stories of elders and migrations, practice traditions joyfully, not rigidly
8. **Build a Culture of Love, Not Fear:** Guilt and fear may work in the short term, but love, pride, and belonging create lasting bonds. Young people must feel seen, valued, and heard in the community—not just expected to obey.

◆◆◆◆◆




## SIKH MATRIMONIALS

Suitable match for Gursikh girl with strong roots in Sikhi 27 /5'5" Graduated from New York Institute of Technology College of Osteopathic Medicine. Contact +91 98997 07357

Gursikh Boy 29/5'8"/ Working in EY,UK/52K GBP/ Masters in Actuarial Management from City Univ. Of London. Contact 9810197878

Gursikh boy, MSc, Award-Winning Science Journalist, Smart, Handsome, Spiritual, Ambitous, Whole family settled in London for 27 years, 5ft3/Feb91. Whatsapp: 00447789177298. Caste no bar.

ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. B 2. C 3. D 4. D

Chief Editor: Dr. Harjinder Singh Editor: Dr. Davinder Singh Designer: Pavit Singh
Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)


email: canadasikhtimes@gmail.com, M: +1 437 673 7555